Australian Government
Department of Health and Aged Care



# ਬਜ਼ੁਰਗ ਸੰਭਾਲ ਘਰਾਂ ਵਿੱਚ 24/7 ਰਜਿਸਟਰਡ ਨਰਸਾਂ

**1 ਜੁਲਾਈ 2023 ਤੋਂ, ਸਾਰੇ ਬਜ਼ੁਰਗ ਸੰਭਾਲ ਘਰਾਂ ਨੂੰ ਹਰ ਸਮੇਂ ਵਸਨੀਕਾਂ ਦੀ ਦੇਖਭਾਲ ਕਰਨ ਲਈ ਸੰਭਾਲ ਘਰ ਵਿੱਚ ਘੱਟੋ ਘੱਟ ਇੱਕ ਰਜਿਸਟਰਡ ਨਰਸ ਉਪਲਬਧ ਹੋਣੀ ਜ਼ਰੂਰੀ ਹੈ - ਦਿਨ ਦੇ 24 ਘੰਟੇ, ਹਫ਼ਤੇ ਦੇ ਹਰ ਦਿਨ।**

ਇਸ ਦਾ ਮਤਲਬ ਹੈ ਕਿ ਆਸਟ੍ਰੇਲੀਆ ਭਰ ਵਿੱਚ ਬਜ਼ੁਰਗ ਸੰਭਾਲ ਘਰਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਦੇਖਭਾਲ ਕਰਨ ਅਤੇ ਐਮਰਜੈਂਸੀ ਨਾਲ ਨਜਿੱਠਣ ਵਿੱਚ ਮਦਦ ਕਰਨ ਲਈ ਰਜਿਸਟਰਡ ਨਰਸਾਂ ਤੱਕ ਬਿਹਤਰ ਪਹੁੰਚ ਹੈ।

## ਇਹ ਮਹੱਤਵਪੂਰਨ ਕਿਉਂ ਹੈ?

ਦਿਨ ਜਾਂ ਰਾਤ ਦੇ ਕਿਸੇ ਵੀ ਸਮੇਂ ਇੱਕ ਰਜਿਸਟਰਡ ਨਰਸ ਉਪਲਬਧ ਹੋਣ ਦਾ ਮਤਲਬ ਹੈ ਕਿ ਬਜ਼ੁਰਗ ਸੰਭਾਲ ਦੇ ਵਸਨੀਕਾਂ ਨੂੰ ਕਲੀਨਕੀ ਦੇਖਭਾਲ ਤੱਕ ਪਹੁੰਚ ਹੁੰਦੀ ਹੈ ਜਦੋਂ ਵੀ ਉਨ੍ਹਾਂ ਨੂੰ ਇਸ ਦੀ ਲੋੜ ਹੁੰਦੀ ਹੈ। ਰਜਿਸਟਰਡ ਨਰਸਾਂ ਜ਼ਰੂਰੀ ਡਾਕਟਰੀ ਇਲਾਜ ਪ੍ਰਦਾਨ ਕਰਦੀਆਂ ਹਨ, ਵਸਨੀਕਾਂ ਨੂੰ ਨੁਕਸਾਨ ਹੋਣ ਦੇ ਖ਼ਤਰੇ ਨੂੰ ਘਟਾਉਂਦੀਆਂ ਹਨ ਅਤੇ ਹਸਪਤਾਲ ਦੇ ਐਮਰਜੈਂਸੀ ਵਿਭਾਗਾਂ ਵਿੱਚ ਬੇਲੋੜੀਆਂ ਯਾਤਰਾਵਾਂ ਨੂੰ ਰੋਕਣ ਵਿੱਚ ਮਦਦ ਕਰਦੀਆਂ ਹਨ। ਉਨ੍ਹਾਂ ਨੂੰ ਵਸਨੀਕਾਂ ਦੀਆਂ ਦੇਖਭਾਲ ਦੀਆਂ ਲੋੜਾਂ ਵਿੱਚ ਤਬਦੀਲੀਆਂ ਨੂੰ ਪਛਾਣਨ ਅਤੇ ਕਾਰਵਾਈ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ, ਉਹ ਸੰਭਾਲ ਯੋਜਨਾਵਾਂ ਬਾਰੇ ਫ਼ੈਸਲੇ ਲੈ ਸਕਦੀਆਂ ਹਨ, ਦਵਾਈਆਂ ਦਾ ਪ੍ਰਬੰਧਨ ਕਰ ਸਕਦੀਆਂ ਹਨ ਅਤੇ ਉਨ੍ਹਾਂ ਦੀ ਨਿਗਰਾਨੀ ਹੇਠ ਹੋਰ ਨਰਸਾਂ ਕੰਮ ਕਰ ਸਕਦੀਆਂ ਹਨ।

## ਜੇ ਮੇਰੇ ਬਜ਼ੁਰਗ ਸੰਭਾਲ ਘਰ ਵਿੱਚ ਹਰ ਸਮੇਂ ਕੋਈ ਰਜਿਸਟਰਡ ਨਰਸ ਉਪਲਬਧ ਨਹੀਂ ਹੈ ਤਾਂ ਕੀ ਹੋਵੇਗਾ?

ਕਈ ਵਾਰ, ਬਜ਼ੁਰਗ ਸੰਭਾਲ ਘਰ ਇਸ ਜ਼ਿੰਮੇਵਾਰੀ ਨੂੰ ਪੂਰਾ ਕਰਨ ਦੇ ਯੋਗ ਨਹੀਂ ਹੋ ਸਕਦੇ। ਉਦਾਹਰਨ ਲਈ, ਰਜਿਸਟਰਡ ਨਰਸ ਆਪਣੀ ਸ਼ਿਫਟ ਤੋਂ ਗੈਰਹਾਜ਼ਰ ਹੋ ਸਕਦੀ ਹੈ ਕਿਉਂਕਿ ਉਹ ਬਿਮਾਰ ਹੈ ਜਾਂ ਉਸਦੇ ਸੱਟ ਲੱਗ ਜਾਂਦੀ ਹੈ ਅਤੇ ਹੋ ਸਕਦਾ ਹੈ ਕਿ ਬਜ਼ੁਰਗ ਸੰਭਾਲ ਘਰ ਸਮੇਂ ਸਿਰ ਬਦਲਵੀਂ ਨਰਸ ਦਾ ਪ੍ਰਬੰਧ ਕਰਨ ਦੇ ਯੋਗ ਨਾ ਹੋਵੇ। ਜਦੋਂ ਇਹ ਵਾਪਰਦਾ ਹੈ ਤਾਂ ਬਜ਼ੁਰਗ ਸੰਭਾਲ ਘਰਾਂ ਵਿੱਚ ਲਾਜ਼ਮੀ ਤੌਰ 'ਤੇ ਬੈਕ-ਅੱਪ ਯੋਜਨਾਵਾਂ ਹੋਣੀਆਂ ਚਾਹੀਦੀਆਂ ਹਨ।

ਆਸਟ੍ਰੇਲੀਆ ਦੇ ਕੁਝ ਹਿੱਸਿਆਂ ਵਿੱਚ, ਜਿਵੇਂ ਕਿ ਦਿਹਾਤੀ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ, ਬਜ਼ੁਰਗ ਸੰਭਾਲ ਘਰਾਂ ਨੂੰ ਕੁਝ ਸਮੇਂ ਜਾਂ ਹਰ ਸਮੇਂ ਸੰਭਾਲ ਘਰ ਵਿੱਚ ਇੱਕ ਰਜਿਸਟਰਡ ਨਰਸ ਉਪਲਬਧ ਕਰਵਾਉਣਾ ਮੁਸ਼ਕਿਲ ਹੋ ਸਕਦਾ ਹੈ। ਸਰਕਾਰ ਸਾਰੇ ਬਜ਼ੁਰਗ ਸੰਭਾਲ ਘਰਾਂ ਨਾਲ ਕੰਮ ਕਰ ਰਹੀ ਹੈ ਤਾਂ ਜੋ ਉਨ੍ਹਾਂ ਨੂੰ ਵਧੇਰੇ ਰਜਿਸਟਰਡ ਨਰਸਾਂ ਹਾਸਲ ਕਰਨ ਵਿੱਚ ਮਦਦ ਕੀਤੀ ਜਾ ਸਕੇ।

ਜਿੱਥੇ ਕਰਮਚਾਰੀਆਂ ਦੀ ਘਾਟ ਕਾਰਨ ਰਜਿਸਟਰਡ ਨਰਸਾਂ ਉਪਲਬਧ ਨਹੀਂ ਹਨ, ਉੱਥੇ ਇਹ ਯਕੀਨੀ ਬਣਾਉਣ ਲਈ ਕਿ ਵਸਨੀਕਾਂ ਨੂੰ ਅਜੇ ਵੀ ਸੁਰੱਖਿਅਤ ਅਤੇ ਗੁਣਵੱਤਾ ਵਾਲੀ ਦੇਖਭਾਲ ਮਿਲੇ, ਦੂਸਰੇ ਪ੍ਰਬੰਧ ਕੀਤੇ ਜਾਣ ਦੀ ਲੋੜ ਹੈ।

ਦਿਹਾਤੀ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਕੁਝ ਬਜ਼ੁਰਗ ਸੰਭਾਲ ਘਰ 24/7 ਰਜਿਸਟਰਡ ਨਰਸ ਹੋਣ ਦੀ ਜ਼ਿੰਮੇਵਾਰੀ ਤੋਂ ਛੋਟ ਹਾਸਲ ਕਰ ਸਕਦੇ ਹਨ ਜੇ ਉਹ ਦਿਖਾਉਂਦੇ ਹਨ ਕਿ ਉਹ ਅਜੇ ਵੀ ਆਪਣੇ ਵਸਨੀਕਾਂ ਦੀਆਂ ਕਲੀਨਕੀ ਦੇਖਭਾਲ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕਦੇ ਹਨ ਜਦੋਂ ਕੋਈ ਰਜਿਸਟਰਡ ਨਰਸ ਵਿਅਕਤੀਗਤ ਤੌਰ 'ਤੇ ਹਾਜ਼ਰ ਨਹੀਂ ਹੁੰਦੀ ਹੈ।

ਸਾਰੇ ਬਜ਼ੁਰਗ ਸੰਭਾਲ ਘਰਾਂ ਨੂੰ ਮਹੀਨਾਵਾਰ ਰਿਪੋਰਟ ਦੇਣ ਦੀ ਲੋੜ ਹੁੰਦੀ ਹੈ ਕਿ ਉਹ ਹਰ ਸਮੇਂ ਘੱਟੋ ਘੱਟ ਇੱਕ ਰਜਿਸਟਰਡ ਨਰਸ ਉਪਲਬਧ ਹੋਣ ਦੀ ਨਵੀਂ ਜ਼ਿੰਮੇਵਾਰੀ ਨੂੰ ਕਿਵੇਂ ਪੂਰਾ ਕਰ ਰਹੇ ਹਨ।

## ਕੀ 24/7 ਰਜਿਸਟਰਡ ਨਰਸ ਹਾਜ਼ਰ ਹੋਣ ਬਾਰੇ ਜਾਣਕਾਰੀ ਪ੍ਰਕਾਸ਼ਤ ਕੀਤੀ ਜਾਵੇਗੀ?

ਤੁਸੀਂ My Aged Care Find a Provider [ਪ੍ਰਦਾਤਾ ਲੱਭੋ] ਟੂਲ ਰਾਹੀਂ Staffing Star Rating [ਸਟਾਫ਼ ਸਟਾਰ ਰੇਟਿੰਗ] ਟੈਬ 'ਤੇ ਦੇਖ ਸਕਦੇ ਹੋ ਕਿ ਕਿਹੜੇ ਬਜ਼ੁਰਗ ਸੰਭਾਲ ਘਰਾਂ ਵਿੱਚ ਰਜਿਸਟਰਡ ਨਰਸ 24/7 ਲਈ ਹਾਜ਼ਰ ਹੁੰਦੀ ਹੈ:
www.myagedcare.gov.au/find-a-provider/
ਤੁਸੀਂ ਇੱਕ 24/7 RN ਡੈਸ਼ਬੋਰਡ ਵੀ ਦੇਖ ਸਕਦੇ ਹੋ ਜੋ ਹਰ ਮਹੀਨੇ ਪ੍ਰਕਾਸ਼ਤ ਹੁੰਦਾ ਹੈ ਜੋ ਆਸਟ੍ਰੇਲੀਆ ਦੇ ਸਾਰੇ ਬਜ਼ੁਰਗ ਸੰਭਾਲ ਘਰਾਂ ਲਈ ਰਜਿਸਟਰਡ ਨਰਸਾਂ ਦੀ ਹਾਜ਼ਰੀ ਦਿਖਾਉਂਦਾ ਹੈ।

## ਜੇ ਮੈਨੂੰ ਕਿਸੇ ਬਜ਼ੁਰਗ ਸੰਭਾਲ ਘਰ ਵਿੱਚ ਸਟਾਫ਼ ਬਾਰੇ ਚਿੰਤਾਵਾਂ ਹਨ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

Aged Care Quality and Safety Commission ਬਜ਼ੁਰਗ ਸੰਭਾਲ ਘਰਾਂ ਵਿੱਚ ਰਹਿਣ ਵਾਲੇ ਲੋਕਾਂ ਲਈ ਜੀਵਨ ਦੀ ਗੁਣਵੱਤਾ ਦੀ ਰੱਖਿਆ ਕਰਨ ਵਿੱਚ ਮਦਦ ਕਰਦਾ ਹੈ। ਜਿੱਥੇ ਪ੍ਰਦਾਨ ਕੀਤੀ ਜਾ ਰਹੀ ਦੇਖਭਾਲ ਬਾਰੇ ਚਿੰਤਾਵਾਂ ਹਨ, ਕਮਿਸ਼ਨ ਕਾਰਵਾਈ ਕਰੇਗਾ। ਇਸ ਵਿੱਚ ਪ੍ਰਦਾਤੇ ਕੋਲੋਂ ਹੋਰ ਜਾਣਕਾਰੀ ਲਈ ਬੇਨਤੀ ਕਰਨਾ ਜਾਂ ਪ੍ਰਦਾਤੇ ਨੂੰ ਬਿਨਾਂ ਕੋਈ ਦੇਰੀ ਕੀਤੇ ਕਾਰਵਾਈ ਕਰਨ ਦੀ ਲੋੜ ਸ਼ਾਮਲ ਹੋ ਸਕਦੀ ਹੈ।

ਜੇ ਤੁਸੀਂ ਕਿਸੇ ਬਜ਼ੁਰਗ ਸੰਭਾਲ ਘਰ ਵਿੱਚ ਸਟਾਫ਼ ਬਾਰੇ ਚਿੰਤਤ ਹੋ, ਤਾਂ ਤੁਸੀਂ agedcarequality.gov.au/making-complaint 'ਤੇ ਜਾ ਕੇ ਜਾਂ 1800 951 822 ਨੂੰ ਫ਼ੋਨ ਕਰਕੇ ਕਮਿਸ਼ਨ ਨੂੰ ਸ਼ਿਕਾਇਤ ਕਰ ਸਕਦੇ ਹੋ।

### ਆਓ ਮਿਲ ਕੇ ਬਜ਼ੁਰਗਾਂ ਦੀ ਸੰਭਾਲ ਨੂੰ ਬਦਲੀਏ

ਅਸੀਂ ਆਸਟ੍ਰੇਲੀਆ ਦੇ ਲੋਕਾਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਬਜ਼ੁਰਗਾਂ ਦੀ ਸੰਭਾਲ ਦੇ ਸੁਧਾਰਾਂ ਬਾਰੇ ਆਪਣੀ ਰਾਏ ਦੇਣਾ ਜਾਰੀ ਰੱਖਣ।

**agedcareengagement.health.gov.au** 'ਤੇ ਜਾਓ।

ਫ਼ੋਨ **1800 318 209** (ਬਜ਼ੁਰਗ ਸੰਭਾਲ ਸੁਧਾਰ ਮੁਫ਼ਤ-ਕਾਲ ਫ਼ੋਨ ਲਾਈਨ)

ਅਨੁਵਾਦ ਅਤੇ ਦੁਭਾਸ਼ੀਆ ਸੇਵਾਵਾਂ ਲਈ 131 450 ਨੂੰ ਫ਼ੋਨ ਕਰੋ ਅਤੇ 1800 318 209 ਲਈ ਪੁੱਛੋ।

National Relay Service ਦੀ ਵਰਤੋਂ ਕਰਨ ਲਈ, nrschat.nrscall.gov.au/nrs 'ਤੇ ਜਾਓ ਤਾਂ ਜੋ ਉਹਨਾਂ ਦੀ ਵੈੱਬਸਾਈਟ 'ਤੇ ਆਪਣਾ ਪਸੰਦੀਦਾ ਐਕਸੈਸ ਪੁਆਇੰਟ ਚੁਣਿਆ ਜਾ ਸਕੇ, ਜਾਂ NRS Helpdesk ਨੂੰ 1800 555 660 'ਤੇ ਫ਼ੋਨ ਕਰੋ।